**Journal of East-West Thought**
**ISSN: *2168-2259 (online)***
***(https://jetjournal.us/)***
**Volume 14, Issue 2 – June 2024 Impact Factor: 7.665**

UGC CARE I

# ਸਿੱਖ ਧਰਮ ਵਿਚ ਸੰਸਥਾਈਕਰਨ: ਪਿੰਗਲਵਾੜਾ ਸੰਸਥਾ ਦੇ ਵਿਸ਼ੇਸ਼ ਹਵਾਲੇ ਨਾਲ

**ਹਰਵਿੰਦਰ ਸਿੰਘ***

ਸੰਸਥਾਵਾਂ ਕਿਸੇ ਵੀ ਸਮੂਹ ਦੇ ਸਮਾਜਿਕ-ਸਭਿਆਚਾਰਕ ਜੀਵਨ ਨੂੰ ਢਾਲਣ ਵਿਚ ਅਤਿਅੰਤ ਮਹੱਤਵਪੂਰਨ ਭੂਮਿਕਾ ਅਦਾ ਕਰਦੀਆਂ ਹਨ। ਇਹ ਸੰਸਥਾਵਾਂ ਧਰਮ, ਦੇਸ਼, ਕੌਮ ਆਦਿ ਦੇ ਅੰਤਰਗਤ ਉਸਰਦੀਆਂ ਹਨ। ਸੰਸਥਾਵਾਂ ਦੇ ਆਪਣੇ ਸਥੂਲ ਰੂਪ (material form) ਤੋਂ ਬਿਨਾਂ ਉਹਨਾਂ ਦਾ ਆਪਣਾ ਅਰਥ-ਸੰਸਾਰ ਅਤੇ ਦਾਰਸ਼ਨਿਕ ਆਧਾਰ ਵੀ ਹੁੰਦਾ ਹੈ। ਸਥੂਲ ਰੂਪ ਵਿੱਚ ਇਨ੍ਹਾਂ ਸੰਸਥਾਵਾਂ ਦੀਆਂ ਮੂਲ ਦਾਰਸ਼ਨਿਕ ਅੰਤਰ-ਦ੍ਰਿਸ਼ਟੀਆਂ ਵੀ ਹੁੰਦੀਆਂ ਹਨ। ਕਿਸੇ ਸਮਾਜ ਦੇ ਸਮਾਜਿਕ-ਸਭਿਆਚਾਰਕ ਵਿਕਾਸ ਤੇ ਵਿਗਾਸ** ਅੰਦਰ ਇਹਨਾਂ ਧਾਰਮਿਕ ਸੰਸਥਾਵਾਂ (religious institutions) ਦਾ ਬੜਾ ਅਹਿਮ ਯੋਗਦਾਨ ਹੁੰਦਾ ਹੈ। ਧਰਮ ਅਤੇ ਸੰਸਥਾਵਾਂ ਦੇ ਸੰਦਰਭ ਵਿੱਚ ਅਹਿਮ ਨੁਕਤਾ ਇਹ ਹੈ ਕਿ ਇਨ੍ਹਾਂ ਦਾ ਆਪਸ 'ਚ ਦੁਵੱਲਾ (reciprocal) ਸੰਬੰਧ ਹੁੰਦਾ ਹੈ। ਹਥਲਾ ਪਰਚਾ ਸਿੱਖ ਧਰਮ ਵਿੱਚ ਸੰਸਥਾਈਕਰਨ ਦੇ ਵਿਸ਼ੇ ਨਾਲ ਸੰਬੰਧਤ ਹੈ ਜਿਸ ਨੂੰ 'ਪਿੰਗਲਵਾੜਾ' ਸੰਸਥਾ ਦੇ ਸੰਕਲਪ, ਇਤਿਹਾਸ ਅਤੇ ਕਾਰਜ-ਸ਼ੈਲੀ ਦੇ ਸੰਦਰਭ ਵਿੱਚ ਸਮਝਣ ਦਾ ਯਤਨ ਕੀਤਾ ਗਿਆ ਹੈ। ਮੁਢਲੀਆਂ ਸਿੱਖ ਸੰਸਥਾਵਾਂ ਜਿਵੇਂ ਕਿ ਗੁਰਿਆਈ, ਸੰਗਤ, ਪੰਗਤ, ਧਰਮਸਾਲ ਹਨ ਜਿਨ੍ਹਾਂ ਨੇ ਸਿੱਖ ਧਰਮ ਦੇ ਵਿਕਾਸ, ਵਿਗਾਸ ਅਤੇ ਸੰਗਠਨ ਲਈ ਰਾਹ ਪੱਧਰਾ ਕੀਤਾ। ਜਿੱਥੇ ਇਹ ਸੰਸਥਾਵਾਂ ਆਪਣੇ ਅਭਿਆਸ ਦੇ ਨਾਲ-ਨਾਲ ਸਿੱਖੀ ਦੇ ਦਾਰਸ਼ਨਿਕ ਪ੍ਰਵਰਗ ਵਜੋਂ ਉਭਰਕੇ ਸਾਹਮਣੇ ਆਉਂਦੀਆਂ ਹਨ ਉਥੇ ਹੀ ਇਹ ਆਪਣੇ ਦਾਰਸ਼ਨਿਕ ਸੁਭਾਅ ਕਾਰਨ ਆਪਣੇ ਪਦਾਰਥਕ ਰੂਪ ਨਾਲ ਸੰਵਾਦੀ ਰਿਸ਼ਤੇ ਵਿੱਚ ਵੀ ਹਨ। ਉਪਰੋਕਤ ਸੰਦਰਭ ਵਿੱਚ ਹਥਲੇ ਪਰਚੇ ਰਾਹੀਂ ਇਨ੍ਹਾਂ ਸਿੱਖ ਸੰਸਥਾਵਾਂ ਦੇ ਸੁਭਾਅ, ਚਰਿੱਤਰ, ਕਾਰਜਾਂ ਅਤੇ ਬਹੁਪੱਖੀ ਪਰਿਪੇਖ ਨੂੰ ਉਜਾਗਰ ਕਰਨ ਦੇ ਨਾਲ-ਨਾਲ ਸਿੱਖ ਧਰਮ ਦੀ ਪ੍ਰਸਿੱਧ ਸੰਸਥਾ 'ਪਿੰਗਲਵਾੜਾ' ਦੇ ਬਹੁਪਾਸਾਰੀ ਦ੍ਰਿਸ਼ਟੀਕੋਣ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ।

'ਪਰਮਾਤਮਾ ਦੀ ਇੱਕਤਾ' (unity of God/supreme Being) ਅਤੇ ਮਾਨਵਤਾ ਦੀ ਸਰਵ-ਸਾਂਝੀਵਾਲਤਾ ਦਾ ਸੰਦੇਸ਼ ਦੇਣ ਲਈ ਗੁਰੂ ਨਾਨਕ ਦੇਵ ਜੀ ਨੇ ਭਾਰਤ ਦੇ ਅੰਦਰ ਅਤੇ ਬਾਹਰ

---

* ਖੋਜਾਰਥੀ, ਗੁਰੂ ਨਾਨਕ ਸਿੱਖ ਅਧਿਐਨ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
** "ਵਿਗਾਸ" (ਵਿਕਾਸ+ਪ੍ਰਫੁੱਲਤਾ), ਵਿਸਮਾਦੀ ਪੂੰਜੀ: ਪੰਜਾਬ ਅਤੇ ਪੰਜਾਬੀ ਦੀ ਮੌਲਿਕਤਾ, ਗੁਰਭਗਤ ਸਿੰਘ, ਪੰਨਾ-38.


Copyright © | JET Network, All Rights Reserved

Journal of East-West Thought
ISSN: 2168-2259 (online)
(https://jetjournal.us/)
Volume 14, Issue 2 – June 2024



ਉਦਾਸੀਆਂ ਕੀਤੀਆਂ। ਉਹਨਾਂ ਨੇ ਉਦਾਸੀਆਂ ਦੌਰਾਨ ਵੱਡੀ ਗਿਣਤੀ ਵਿਚ ਪੈਰੋਕਾਰਾਂ ਨੂੰ ਆਪਣੇ ਇਲਾਹੀ ਸੰਦੇਸ਼ ਨਾਲ ਆਕਰਸ਼ਿਤ ਕੀਤਾ ਅਤੇ ਗੁਰੂ ਨਾਨਕ ਦੇਵ ਜੀ ਉਦਾਸੀਆਂ ਦੌਰਾਨ ਜਿੱਥੇ ਵੀ ਗਏ ਉਥੇ ਉਹਨਾਂ ਨੇ ਦੀਨ-ਮਾਹਿਰਾਂ (theologians) ਨਾਲ ਵਿਚਾਰ-ਵਟਾਂਦਰਾ ਕਰਕੇ ਸੰਵਾਦ ਦੀ ਨਿਵੇਕਲੀ ਪਰੰਪਰਾ ਤੋਰੀ ਅਤੇ ਗੁਰੂ-ਚੇਲਾ ਸੰਬੰਧਾਂ ਨੂੰ ਵੀ ਵਿਲੱਖਣ ਰੂਪ ਬਖ਼ਸ਼ਿਆ। ਉਦਾਸੀਆਂ ਤੋਂ ਬਾਅਦ ਗੁਰੂ ਸਾਹਿਬ ਰਾਵੀ ਦਰਿਆ ਦੇ ਕੰਢੇ ਕਰਤਾਰਪੁਰ ਵਿਖੇ ਆ ਟਿਕੇ ਅਤੇ ਇੱਥੇ ਉਹਨਾਂ ਨੇ ਸਿੱਖੀ ਦੀਆਂ ਸਮਾਜਿਕ, ਧਾਰਮਿਕ/ਅਧਿਆਤਮਕ ਮਹੱਤਤਾ ਵਾਲੀਆਂ ਬੁਨਿਆਦੀ ਸੰਸਥਾਵਾਂ ਨੂੰ ਮਜ਼ਬੂਤ ਕੀਤਾ। ਇੱਥੇ ਗੁਰੂ ਸਾਹਿਬ ਨੇ ਪਰਮਾਤਮਾ ਦੀ ਸਿਫ਼ਤ-ਸਾਲਾਹ ਰੂਪੀ ਇਲਾਹੀ ਕੀਰਤਨ ਨਾਲ ਬਾਣੀ ਦੇ ਸਮੂਹਿਕ ਗਾਇਨ ਦੀ ਪ੍ਰਥਾ ਨੂੰ ਵੀ ਆਰੰਭ ਕੀਤਾ। ਜਿਸਦਾ ਜ਼ਿਕਰ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਇੰਞ ਮਿਲਦਾ ਹੈ:

> ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।
> ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।
> ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ।
> ਪੁਤਰੀ ਕਉਲ ਨ ਪਾਲਿਆ ਮਨਿ ਖੋਟੇ ਆਕੀ ਨਸਿਆਰਾ।
> ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਿਆਰਾ।
> ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।
> ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।
> ਗੁਰਮੁਖਿ ਭਾਰ ਅਥਰਬਣਿ ਤਾਰਾ॥ [1]

ਸਿੱਖ ਧਰਮ ਵਿੱਚ 'ਗੁਰਿਆਈ' ਸੰਸਥਾ ਦਾ ਵੀ ਆਪਣਾ ਵਿਲੱਖਣ ਸੁਭਾਅ ਅਤੇ ਚਰਿੱਤਰ ਹੈ ਅਤੇ ਇਸ ਸੰਸਥਾ ਨੇ ਸਿੱਖੀ ਦੀ ਏਕਤਾ ਅਤੇ ਅਖੰਡਤਾ ਨੂੰ ਸਥਾਪਿਤ ਕਰਨ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ। ਸਿੱਖ ਚਿੰਤਨ ਵਿੱਚ ਗੁਰਿਆਈ ਦੀ ਪ੍ਰਕਿਰਤੀ ਨੂੰ ਪ੍ਰਮਾਤਮਾ, ਸ਼ਬਦ ਅਤੇ ਸਿੱਖ ਸੰਗਤ ਦੀ ਇਕਸੁਰਤਾ ਦੇ ਸੰਦਰਭ ਵਿੱਚ ਸਮਝਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਅਨੁਯਾਈਆਂ ਵਿਚੋਂ ਆਪਣਾ ਉੱਤਰਾਧਿਕਾਰੀ ਨਾਮਜ਼ਦ ਕਰ ਸਿੱਖ ਧਰਮ ਦੇ ਸੁਭਾਅ ਅਤੇ ਇਤਿਹਾਸ ਵਿਚ ਇੱਕ ਨਿਵੇਕਲਾ ਆਯਾਮ ਜੋੜਿਆ। ਗੁਰਿਆਈ ਦਾ ਉਤਰਾਧਿਕਾਰ ਖ਼ਾਨਦਾਨੀ ਉਤਰਾਧਿਕਾਰ ਦੀ ਰਵਾਇਤੀ ਮਰਿਯਾਦਾ ਦੇ ਉਲਟ ਸਿੱਖ ਆਦਰਸ਼ਾਂ ਦੇ ਅਮਲੀ ਆਚਾਰ-ਵਿਹਾਰ ਉੱਤੇ ਆਧਾਰਿਤ ਸੀ। ਚੋਣ ਦੇ ਮਾਪਦੰਡ ਨਿਮਰਤਾ, ਸ਼ਰਧਾ, ਸੇਵਾ ਅਤੇ ਸਿੱਖ ਆਦਰਸ਼ਾਂ ਪ੍ਰਤੀ ਵਚਨਬੱਧਤਾ ਸਨ।


Copyright © | JET Network, All Rights Reserved

Journal of East-West Thought
ISSN: *2168-2259 (online)*
(*https://jetjournal.us/*)
Volume 14, Issue 2 – June 2024
UGC CARE I

ਗੁਰਿਆਈ ਸੰਸਥਾ ਵਿੱਚ ਗੁਰੂ ਸਹਿਬਾਨ ਨੇ ਬਾਣੀ ਸੰਕਲਨ ਦਾ ਬਹੁਤ ਅਹਿਮ ਕਾਰਜ ਵੀ ਕੀਤਾ। ਉਹਨਾਂ ਨੇ ਨਾ ਸਿਰਫ ਬਾਣੀ ਦੀ ਰਚਨਾ ਕੀਤੀ ਬਲਕਿ ਸੰਤਾਂ, ਭਗਤਾਂ ਦੀ ਬਾਣੀ ਨੂੰ ਇਕੱਤਰ ਕਰਕੇ ਸੰਭਾਲਿਆ। ਧਰਮਸ਼ਾਲਾਵਾਂ ਦੀ ਸਥਾਪਨਾ, ਬਾਉਲੀ*, ਖੂਹ, ਸਰੋਵਰਾਂ** ਦੀ ਖੁਦਾਈ, ਲੰਗਰ ਦੇ ਆਯੋਜਨ ਨਾਲ ਮਨੁੱਖੀ ਲੋੜਾਂ ਅਤੇ ਆਮ ਲੋਕਾਂ ਦੀ ਚਿੰਤਾ ਦਾ ਸਮਾਧਾਨ ਧਰਮਸਾਲ ਵਰਗੀਆਂ ਸੰਸਥਾਵਾਂ ਰਾਹੀਂ ਕੀਤਾ। ਗੁਰੂ ਅਮਰਦਾਸ ਜੀ ਨੇ ਮੰਜੀ ਸੰਸਥਾ*** ਦੀ ਸਥਾਪਨਾ ਕਰ ਦੂਰ-ਦੂਰ ਤੱਕ ਸਿੱਖ ਸੰਗਤਾਂ ਨਾਲ ਰਾਬਤਾ ਕਾਇਮ ਕੀਤਾ। ਇਹਨਾਂ ਸੰਸਥਾਵਾਂ ਨੇ ਸਿੱਖ ਪੰਥ ਦੇ ਕੇਂਦਰੀ ਸੰਗਠਨ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਗੁਰੂ ਸਾਹਿਬ ਦੇ ਹੁਕਮ ਨੂੰ ਸਿੱਖ ਸੰਗਤਾਂ ਤੱਕ ਪਹੁੰਚਾਉਣ ਲਈ ਇੱਕ ਮਜ਼ਬੂਤ ਕੜੀ ਵਜੋਂ ਕੰਮ ਕੀਤਾ। ਇਹਨਾਂ ਸੰਸਥਾਵਾਂ ਨੇ ਭਾਰਤੀ ਸਮਾਜ ਦੁਆਰਾ ਦੁਰਕਾਰੇ ਜਾ ਰਹੇ ਵੱਖ-ਵੱਖ ਨੀਵੀਆਂ ਜਾਤਾਂ ਨਾਲ ਸੰਬੰਧਤ ਲੋਕਾਂ ਨੂੰ ਬਰਾਬਰਤਾ ਅਤੇ ਭਾਈਚਾਰਾ ਦੇ ਕੇ ਉਹਨਾਂ ਦੇ ਜਾਤ, ਰੁਤਬੇ ਦੀ ਪ੍ਰਵਾਹ ਕੀਤੇ ਬਿਨਾਂ ਸਿੱਖ ਸੰਗਤ ਦਾ ਅਭਿੰਨ ਅੰਗ ਬਣਾਇਆ ਅਤੇ ਉਹਨਾਂ ਨੂੰ ਗੁਰੂ ਸਾਹਿਬ ਪ੍ਰਤੀ ਪੂਰਨ ਸ਼ਰਧਾ ਅਤੇ ਸਿਧਾਂਤਾਂ ਦੀ ਪਾਲਣਾ ਕਰਨਾ ਸਿਖਾਇਆ।

ਚੌਥੇ ਗੁਰੂ ਸਾਹਿਬ ਦੇ ਸਮੇਂ 'ਮਸੰਦ' ਸੰਸਥਾ ਨੇ ਸਿੱਖੀ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਇਆ। ਇਸ ਸੰਸਥਾ ਅਨੁਸਾਰ ਸਿੱਖਾਂ ਤੋਂ ਦਸਵੰਧ ਅਤੇ ਕਾਰ-ਭੇਟ ਉਗਰਾਹੁਣ ਦੀ ਜ਼ਿੰਮੇਵਾਰੀ ਜਿਨ੍ਹਾਂ ਮੁਖੀ ਸਿੱਖਾਂ ਨੂੰ ਸੌਂਪੀਂ ਜਾਂਦੀ ਸੀ ਉਹਨਾਂ ਨੂੰ ਮਸੰਦ ਕਿਹਾ ਜਾਂਦਾ ਸੀ। ਸੰਗਤਾਂ ਵਿਸਾਖੀ ਦੀ ਪੂਰਵ-ਸੰਧਿਆ ਵੇਲੇ ਗੁਰੂ ਸਾਹਿਬ ਦੇ ਸਾਲਾਨਾ ਦਰਸ਼ਨ ਕਰਨ ਲੱਗੀਆਂ। 'ਮੰਜੀ ਸੰਸਥਾ' ਰਾਹੀਂ ਜਿੱਥੇ ਗੁਰੂ ਸਾਹਿਬ ਦੇ ਉਪਦੇਸ਼ਾਂ ਦਾ ਪ੍ਰਚਾਰ ਦੂਰ ਦੂਰ ਤੱਕ ਹੋ ਰਿਹਾ ਸੀ ਉਥੇ ਹੀ ਮਸੰਦ ਸੰਸਥਾ ਰਾਹੀਂ ਦਸਵੰਧ ਵਰਗੀ ਪਰੰਪਰਾ ਨਾਲ ਸਿੱਖਾਂ ਦੀ ਕਿਰਤ ਵਿੱਚੋਂ ਗੁਰੂ-ਘਰ ਧਨ ਅਤੇ ਹੋਰ ਵਸਤਾਂ ਪਹੁੰਚਣ ਲੱਗੀਆਂ। ਸਿੱਖ ਸੰਗਤ ਨੂੰ ਗੁਰੂ ਅਤੇ ਪਰਮਾਤਮਾ ਦਾ ਸਰੂਪ ਮੰਨਿਆ ਜਾਂਦਾ ਸੀ ਅਤੇ ਗੁਰੂ ਸਾਹਿਬ ਦੀ ਅਗਵਾਈ ਵਿਚ ਸਿੱਖ ਸੰਗਤ ਸਿੱਖ ਪੰਥ ਦੇ ਫੈਸਲੇ ਕਰਨ ਦੀ ਸ਼ਕਤੀ ਰਖਦੀ ਸੀ। ਉਸ ਸਮੇਂ ਜਦੋਂ ਵੀ ਕਿਸੇ ਸਿੱਖ ਨੂੰ ਕੋਈ ਖਾਸ ਸਮੱਸਿਆ ਆਉਂਦੀ ਸੀ ਤਾਂ ਸਿੱਖ ਸੰਗਤ ਗੁਰੂ ਸਾਹਿਬ ਦੀ

---

* ਪਾਣੀ ਦੇ ਤਲ ਤੀਕ ਬਣੀਆਂ ਪੌੜੀਆਂ ਵਾਲਾ ਖੂਹ ਜਾਂ ਖੂਹ ਜਿਸਦੇ ਇੱਕ ਪਾਸੇ ਪਾਣੀ ਤੱਕ ਪੱਕੀਆਂ ਪੌੜੀਆਂ ਬਣੀਆਂ ਹੁੰਦੀਆਂ ਹਨ, ਪੰਜਾਬੀ ਯੂਨੀਵਰਸਿਟੀ, ਪੰਜਾਬੀ ਕੋਸ਼, ਜੋਗਾ ਸਿੰਘ (ਸੰਪਾ.), ਪੰਨਾ-4175.

** ਉਤਮ ਤਾਲ, "ਸਰੀਰ ਸਰੋਵਰ ਭੀਤਰੇ ਆਛੈ ਕਮਲ ਅਨੂਪ", ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ.

*** ਮੰਜੀ ਸੰਸਥਾ ਦੀ ਸਥਾਪਨਾ ਗੁਰੂ ਅਮਰਦਾਸ ਸਾਹਿਬ ਜੀ ਨੇ ਕੀਤੀ। ਉਹਨਾਂ ਨੇ ਆਪਣੇ ਸਿੱਖਾਂ ਵਿੱਚੋਂ 22 ਉਤਮ ਪ੍ਰਚਾਰਕ ਚੁਣ ਕੇ ਉਹਨਾਂ ਨੂੰ ਮੰਜੀਆਂ ਬਖਸ਼ੀਆਂ। ਇਹਨਾਂ ਮੰਜੀਦਾਰਾਂ ਦਾ ਪ੍ਰਮੁੱਖ ਕੰਮ ਦੂਰ-ਦੂਰ ਤੱਕ ਵਸਦੀ ਸਿੱਖ ਸੰਗਤ ਤਕ ਗੁਰੂ ਸਾਹਿਬ ਦਾ ਉਪਦੇਸ਼ ਪਹੁੰਚਾਉਣਾ ਸੀ।


Copyright © | JET Network, All Rights Reserved

Journal of East-West Thought
ISSN: 2168-2259 (online)
(https://jetjournal.us/)
Volume 14, Issue 2 – June 2024


ਅਗਵਾਈ ਵਿੱਚ ਇਕੱਠੇ ਹੋ ਕੇ ਉਸਦੀ ਮਦਦ ਕਰਦੀ ਸੀ। ਇਹਨਾਂ ਸੰਸਥਾਵਾਂ ਦੀ ਬਣਤਰ ਅਤੇ ਸੰਗਠਨ ਸਿੱਖਾਂ ਦੇ ਗੁਰੂ ਆਸ਼ੇ ਅਤੇ ਜਮਹੂਰੀ ਆਦਰਸ਼ਾਂ ਨੂੰ ਦਰਸਾਉਂਦੀ ਸੀ। ਇਹਨਾਂ ਸੰਸਥਾਵਾਂ ਦੀਆਂ ਜੜ੍ਹਾਂ ਗੁਰੂ ਆਸ਼ੇ ਅਨੁਸਾਰ ਸਿੱਖ ਸੰਗਤ ਦੀ ਪ੍ਰਮੁੱਖਤਾ ਵਿਚ ਸਨ। ਜਿਸ ਸਥਾਨ 'ਤੇ ਸਿੱਖ ਸੰਗਤਾਂ ਧਾਰਮਿਕ ਉਦੇਸ਼ਾਂ ਲਈ ਇਕੱਠੀਆਂ ਹੁੰਦੀਆਂ ਸਨ, ਉਸ ਨੂੰ 'ਧਰਮਸਾਲ' ਕਿਹਾ ਜਾਣ ਲੱਗਾ। ਇਹ ਧਰਮਸਾਲ ਆਧੁਨਿਕ ਸਿੱਖ ਗੁਰਦੁਆਰਿਆਂ ਜਾਂ ਪਵਿੱਤਰ ਸਥਾਨਾਂ ਦਾ ਮੁੱਢਲਾ ਰੂਪ ਸੀ। ਸਿੱਖ ਗੁਰੂ ਸਹਿਬਾਨ ਨੇ ਸਿੱਖ ਪੰਥ ਨੂੰ ਸੰਗਠਿਤ ਕਰਨ ਲਈ ਵੱਖ ਵੱਖ ਥਾਵਾਂ 'ਤੇ ਇਹਨਾਂ ਕੇਂਦਰਾਂ ਦੀ ਸਥਾਪਨਾ ਕੀਤੀ। ਬਹੁਤ ਸਾਰੇ ਸ਼ਹਿਰਾਂ, ਕਸਬਿਆਂ ਦੀ ਸਥਾਪਨਾ ਨਾਲ ਇਹਨਾਂ ਸੰਸਥਾਵਾਂ ਦਾ ਵਿਕਾਸ ਹੋਰ ਵੀ ਤੇਜ਼ੀ ਨਾਲ ਹੋਇਆ।* ਮੁਢਲੇ ਸਿੱਖ ਜਥੇਬੰਦਕ ਢਾਂਚੇ ਵਿਚ ਲੰਗਰ ਦੀ ਸੰਸਥਾ ਨੇ ਅਹਿਮ ਰੋਲ ਅਦਾ ਕੀਤਾ। ਇਹ ਸੰਸਥਾ ਬਹੁਤ ਸਾਰੇ ਸੰਕਲਪਾਂ ਜਿਵੇਂ ਪੰਗਤ, ਦਸਵੰਧ ਲਈ ਕਾਰਜਸ਼ੀਲ ਸੰਸਥਾ ਵਜੋਂ ਵਿਕਸਿਤ ਹੋਈ। ਲੰਗਰ ਦੀ ਸੰਸਥਾ ਨੇ ਸਿੱਖ ਆਦਰਸ਼ਾਂ ਨੂੰ ਅਮਲ ਵਿਚ ਲਿਆਉਣ ਲਈ ਇੱਕ ਸ਼ਕਤੀਸ਼ਾਲੀ ਸਾਧਨ ਪ੍ਰਦਾਨ ਕੀਤਾ। ਲੰਗਰ ਦੀ ਸੰਸਥਾ ਨੇ ਮਸੰਦ ਸੰਸਥਾ ਦੁਆਰਾ ਇਕੱਠੇ ਕੀਤੇ ਦਸਵੰਧ ਨੂੰ ਇੱਕ ਨਿਸ਼ਚਿਤ ਦਿਸ਼ਾ ਦਿੱਤੀ ਜਿਹੜੀ ਕਿ ਸੇਵਾ ਦੇ ਫ਼ਲਸਫ਼ੇ ਰਾਹੀਂ ਦ੍ਰਿਸ਼ਟਮਾਨ ਹੋਈ। ਲੰਗਰ ਨੇ ਸਿੱਖਾਂ ਨੂੰ ਏਕਤਾ, ਸਮਾਨਤਾ, ਭਾਈਚਾਰਾ, ਦਾਨ, ਨਿਮਰਤਾ ਅਤੇ ਨਿਰਸਵਾਰਥ ਸੇਵਾਵਾਂ ਵਰਗੀਆਂ ਉੱਚ ਕਦਰਾਂ-ਕੀਮਤਾਂ ਪ੍ਰਗਟ ਕਰਨ ਲਈ ਉਤਸ਼ਾਹਿਤ ਕੀਤਾ।

ਗੁਰੂ ਰਾਮਦਾਸ ਜੀ ਨੇ ਰਾਮਦਾਸਪੁਰ ਸ਼ਹਿਰ ਦੀ ਸਥਾਪਨਾ ਉਪਰੰਤ ਹਰਿਮੰਦਰ ਸਾਹਿਬ ਦੀ ਨੀਂਹ ਸਾਂਈ ਮੀਆਂ ਮੀਰ ਜੀ ਤੋਂ ਰਖਵਾ ਕੇ ਲੋਕਾਈ ਲਈ ਸਭ ਤੋਂ ਵੱਡੀ ਅਧਿਆਤਮਕ ਸੰਸਥਾ ਦਾ ਆਗ਼ਮਨ ਧਰਤੀ ਤੇ ਕੀਤਾ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ੍ਰੀ 'ਅਕਾਲ ਤਖ਼ਤ' ਸਾਹਿਬ ਦਾ ਨਿਰਮਾਣ ਕਰਵਾ ਧਾਰਮਿਕ ਅਤੇ ਰਾਜਨੀਤਿਕ ਸੰਸਥਾਵਾਂ ਦਾ ਅਜਿਹਾ ਸੁਮੇਲ ਕੀਤਾ ਜਿਸ ਦੀ ਉਦਾਹਰਣ ਦੁਨੀਆਂ ਵਿਚ ਹੋਰ ਕਿਧਰੇ ਨਹੀਂ ਮਿਲਦੀ। ਗੁਰੂ ਹਰਿਰਾਇ ਸਾਹਿਬ ਜੀ ਨੇ ਜਿੱਥੇ ਬਹੁਤ ਸਾਰੇ ਬਾਗਾਂ ਦੀ ਉਸਾਰੀ ਕਰਵਾਈ ਉਥੇ ਹੀ ਉਹਨਾਂ ਨੇ ਦਵਾਖਾਨਾ ਵਰਗੀਆਂ ਸੰਸਥਾਵਾਂ ਨੂੰ ਧਾਰਮਿਕ ਸੰਸਥਾਵਾਂ ਦਾ ਇੱਕ ਅੰਗ ਬਣਾ ਕੇ ਮਨੁੱਖ ਦੇ ਸੰਪੂਰਨ ਸਰੀਰਕ ਅਤੇ ਮਾਨਸਿਕ ਵਿਕਾਸ ਵੱਲ ਧਿਆਨ ਦਿੱਤਾ। ਗੁਰੂ ਸਾਹਿਬ ਦੀ 'ਦਵਾਖਾਨਾ' ਸੰਸਥਾ ਇੰਨੀ ਉੱਚ ਦਰਜੇ ਦੀ ਸੀ ਕਿ ਦਾਰਾ ਸ਼ਿਕੋਹ ਜਦੋਂ

* ਕਰਤਾਰਪੁਰ ਸਾਹਿਬ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਰਾਮਦਾਸਪੁਰ (ਸ੍ਰੀ ਅੰਮ੍ਰਿਤਸਰ ਸਾਹਿਬ), ਮਾਖੋਵਾਲ (ਆਨੰਦਪੁਰ ਸਾਹਿਬ)।


Copyright © | JET Network, All Rights Reserved

Journal of East-West Thought
ISSN: *2168-2259 (online)*
(*https://jetjournal.us/*)
Volume 14, Issue 2 – June 2024

JOURNAL OF EAST-WEST THOUGHT

UGC CARE I

ਬਿਮਾਰ ਹੋਇਆ ਤਾਂ ਉਸ ਦੇ ਇਲਾਜ ਦੀ ਦਵਾਈ ਗੁਰੂ ਸਾਹਿਬ ਦੇ ਦਵਾਖਾਨੇ 'ਚੋਂ ਮਿਲੀ।[2] ਸ੍ਰੀ ਗੁਰੂ ਹਰਿਰਾਇ ਸਾਹਿਬ ਨੇ ਨਾ ਕੇਵਲ ਇਨ੍ਹਾਂ ਸੰਸਥਾਵਾਂ ਨੂੰ ਸੰਭਾਲਿਆ ਸਗੋਂ ਵਿਕਸਿਤ ਵੀ ਕੀਤਾ ਅਤੇ ਸਿੱਖੀ ਦੇ ਪ੍ਰਚਾਰ ਲਈ 'ਚਾਰ ਧੂਣੇ'* ਅਤੇ 'ਛੇ ਬਖ਼ਸ਼ਿਸ਼ਾਂ'** ਕੀਤੀਆਂ।[3] ਦੱਖਣੀ ਭਾਰਤ ਵਿਚ ਸਮੇਂ ਨਾਲ ਇਨ੍ਹਾਂ ਧੂਣਿਆਂ/ਬਖ਼ਸ਼ਿਸ਼ਾਂ ਦੀ ਮਕਬੂਲੀਅਤ ਵਧੀ। ਅੱਠਵੇ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਸਿੱਖੀ ਪਰੰਪਰਾ ਦੀਆਂ ਇਹਨਾਂ ਸੰਸਥਾਵਾਂ ਨੂੰ ਅਭਿਆਸ ਰੂਪ ਦਿੰਦਿਆਂ ਮਿਸਾਲੀ ਕਾਰਜ ਕੀਤੇ। ਜਿਸ ਵਿੱਚ ਇੱਕ ਹਵਾਲਾ ਦਿੱਲੀ ਵਿਖੇ ਚੇਚਕ ਦੀ ਬਿਮਾਰੀ ਦੌਰਾਨ ਸੰਗਤ ਉੱਤੇ ਕੀਤੇ ਪਰਉਪਕਾਰ ਦਾ ਮਿਲਦਾ ਹੈ।[4] ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਾਖੋਵਾਲ ਨਾਮ ਸਥਾਨ ਤੇ ਅਨੰਦਪੁਰ ਸਾਹਿਬ ਵਰਗੇ ਪਵਿੱਤਰ ਸ਼ਹਿਰ ਨੂੰ ਵਸਾ ਕੇ ਖ਼ਾਲਸੇ ਦੇ ਆਗ਼ਮਨ ਲਈ ਮੁੱਢ ਬੰਨਿਆ। ਗੁਰੂ ਤੇਗ ਬਹਾਦਰ ਸਾਹਿਬ ਨੇ ਮਾਲਵਾ, ਬਾਂਗਰ ਅਤੇ ਪੂਰਬੀ ਭਾਰਤ ਦੀਆਂ ਯਾਤਰਾਵਾਂ ਦੌਰਾਨ ਸਿੱਖੀ ਦੀਆਂ ਇਹਨਾਂ ਸੰਸਥਾਵਾਂ ਦੇ ਵਿਕਾਸ ਨੂੰ ਇਕ ਨਵੀਂ ਦਿਸ਼ਾ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਥਾਪਨਾ ਕਰ ਸੰਤ-ਸਿਪਾਹੀ ਸੰਕਲਪ ਨੂੰ ਜ਼ਾਹਿਰਾ ਰੂਪ ਬਖ਼ਸ਼ਿਆ। ਦਮਦਮਾ ਸਾਹਿਬ ਆ ਕੇ ਉਹਨਾਂ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੇ ਉਤਾਰੇ ਕਰਵਾਏ ਅਤੇ ਇਸ ਅਸਥਾਨ ਨੂੰ 'ਗੁਰੂ ਕੀ ਕਾਸ਼ੀ' ਦਾ ਵਰ ਦਿੱਤਾ। ਇਸ ਸੰਦਰਭ 'ਚ ਗੁਰਬਿਲਾਸ ਪਾ. ਦਸਮੀਂ ਦੇ ਕਾਵਿ-ਬਿਰਤਾਂਤ 'ਚ ਇਸ ਤਰ੍ਹਾਂ ਜ਼ਿਕਰ ਮਿਲਦਾ ਹੈ:

> ਇਹ ਹੈ ਪ੍ਰਗਟ ਹਮਾਰੀ ਕਾਸੀ
>
> ਪੜ੍ਹੈਂ ਇਹਾਂ ਢੋਰ ਮਤਿ ਰਾਸੀ
>
> ਲੇਖਕ ਗੁਨੀ ਕਵਿੰਦ ਗਿਆਨੀ
>
> ਬੁਧਿਸਿੰਧੁ 'ਹੈਵ' ਹੈਂ ਇਤ ਆਨੀ
>
> ਤਿਨਕੇ ਕਾਰਨ ਕਲਮ ਗਢ ਦੇਤ ਪ੍ਰਗਟ ਹਮ ਡਾਰ
>
> ਸਿਖ ਸਖਾ ਇਤ ਪੜ੍ਹੈਂਗੈ ਹਮਰੇ ਕਈ ਹਜਾਰ॥[5]

---

* ਬਾਲੂ ਹਸਣਾ, ਅਲਮਸਤ, ਫੂਲਸ਼ਾਹ, ਗੋਇੰਦਾ।
** ਸੁਥਰੇ ਸ਼ਾਹੀ, ਸੰਗਤ ਸਾਹਿਬੀਏ, ਜੀਤ ਮਲੀਏ, ਬਖਤ ਮਲੀਏ, ਭਗਤ ਭਗਵਾਨੀਏ, ਮੀਹਾਂ ਸ਼ਾਹੀਏ।


Copyright © | JET Network, All Rights Reserved

Journal of East-West Thought
ISSN: *2168-2259 (online)*
*(https://jetjournal.us/)*
Volume 14, Issue 2 – June 2024



ਧਰਮ ਨੂੰ ਮੁੱਖ ਰੂਪ ਵਿਚ ਦੋ ਖੰਡਾਂ ਵਿਚ ਵੰਡ ਕੇ ਸਮਝਿਆ ਜਾ ਸਕਦਾ ਹੈ:- ਰੂਹਾਨੀ ਅਤੇ ਸੰਸਥਾਈ। ਰੂਹਾਨੀ ਰੂਪ ਸੂਖ਼ਮ ਰੂਪ ਹੈ ਜਿਸਦਾ ਸੰਬੰਧ ਰਹੱਸ ਨਾਲ ਜਾ ਜੁੜਦਾ ਹੈ ਜੋ ਅਕੱਥ ਹੁੰਦਾ ਹੈ, ਸੰਸਥਾਈ ਰੂਪ ਸਥੂਲ ਰੂਪ ਵਿੱਚ ਸਾਡੇ ਸਾਹਮਣੇ ਆਉਂਦਾ ਹੈ। ਇਹਨਾਂ ਦੋਹਾਂ ਰੂਪਾਂ ਦੀ ਆਪਸ ਵਿੱਚ ਬੜੀ ਪੀਡੀ ਸਾਂਝ ਹੁੰਦੀ ਹੈ। ਧਰਮ ਦਾ ਸੰਸਥਾਈ ਰੂਪ ਕਿਸੇ ਧਰਮ/ਸਮਾਜ ਦਾ ਸਭਿਆਚਾਰਕ ਢਾਂਚਾ (ੱਜਤਨਬਜਨਤਮ) ਹੁੰਦਾ ਹੈ। ਪਿਛਲੇ ਕੁਝ ਸਮੇਂ ਵਿਚ ਸਭਿਆਚਾਰ ਨੂੰ ਕੇਂਦਰ ਵਿੱਚ ਰੱਖ ਕੇ ਧਰਮ ਨੂੰ ਮਨਫ਼ੀ ਕਰ ਦਿੱਤਾ ਗਿਆ ਅਤੇ ਧਰਮ ਨੂੰ ਸਭਿਆਚਾਰ ਦੇ ਕੇਵਲ ਇੱਕ ਅੰਗ ਵਜੋਂ ਲਿਆ ਜਾਣ ਲੱਗਾ। ਧਰਮ ਦਾ ਸੰਸਥਾਈ ਰੂਪ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਕੋਈ ਧਰਮ ਆਪਣੇ ਜੀਵਨ ਦੇ ਮਿਆਰੀ ਰਸਤੇ ਤੈਅ ਕਰ ਲੈਂਦਾ ਹੈ। ਜਦੋਂ ਤੱਕ ਧਰਮ ਕੇਵਲ ਅਮੂਰਤ (abstract) ਹੈ ਉਹ ਵਿਅਕਤੀਗ਼ਤ ਹੋ ਸਕਦਾ ਹੈ ਪਰ ਜਦੋਂ ਉਸ ਦਾ ਸੰਬੰਧ ਮਨੁੱਖਤਾ ਦੀ ਮੁਕਤੀ ਨਾਲ ਜੁੜਦਾ ਹੈ ਅਤੇ ਉਸ ਨੇ ਮਨੁੱਖਤਾ ਨੂੰ ਕਿਸੇ ਸੁਯੋਗ ਰਸਤੇ ਪਾਉਣਾ ਹੁੰਦਾ ਹੈ ਤਾਂ ਸੰਸਥਾਈ ਧਰਮ ਹੋਂਦ ਵਿਚ ਆਉਂਦਾ ਹੈ। ਸੰਸਥਾਈ ਧਰਮ, ਧਰਮ ਦਾ ਬਾਹਰੀ ਰੂਪ ਹੁੰਦਾ ਹੈ। ਧਰਮ ਦੇ ਇਸ ਰੂਪ ਉੱਤੇ ਸਮੇਂ-ਸਮੇਂ ਉੱਤੇ ਹੋਏ ਮਹਾਂਪੁਰਖਾਂ, ਸੁਧਾਰਕ ਲਹਿਰਾਂ, ਹਸਤੀਆਂ, ਹਕੂਮਤ ਦੇ ਅਰਥਚਾਰੇ, ਜੰਗਾਂ-ਯੁੱਧਾਂ ਅਤੇ ਹੋਰ ਬਾਹਰੀ ਢਾਂਚਿਆਂ ਨੇ ਪ੍ਰਭਾਵ ਪਾਉਣਾ ਹੁੰਦਾ ਹੈ। ਸੰਸਥਾਈ ਧਰਮ ਦੇ ਕੇਂਦਰ ਵਿਚ ਕੋਈ ਨਾ ਕੋਈ ਗਿਆਨ ਪਰੰਪਰਾ ਜਰੂਰ ਹੁੰਦੀ ਹੈ। ਇਹ ਗਿਆਨ ਪਰੰਪਰਾ ਲਿਖਤੀ ਵੀ ਹੋ ਸਕਦੀ ਹੈ ਅਤੇ ਮੌਖਿਕ ਵੀ। ਇਹ ਕਿਸੇ ਧਰਮ ਦੇ ਮੌਲਿਕ ਗੁਣਾਂ ਵਿੱਚੋਂ ਸਰਵੋਤਮ ਗੁਣ ਹੈ। ਸੰਸਥਾਈ ਧਰਮ ਨਾਲ ਰੀਤ, ਰਸਮ, ਪ੍ਰਬੰਧ, ਸ਼ਰਾਅ, ਮਰਿਯਾਦਾ ਆਦਿ ਜੁੜੇ ਹੁੰਦੇ ਹਨ। ਨੈਤਿਕਤਾ ਅਤੇ ਸਦਾਚਾਰ ਇਸਦੇ ਮਹੱਤਵਪੂਰਣ ਪੱਖਾਂ ਵਿਚੋਂ ਇੱਕ ਹੁੰਦੇ ਹਨ ਪ੍ਰੰਤੂ ਕੁਝ ਬੁਨਿਆਦੀ ਕੀਮਤਾਂ ਉਸੇ ਪ੍ਰਵਾਹ ਵਿੱਚ ਹੀ ਚਲਦੀਆਂ ਰਹਿੰਦੀਆਂ ਹਨ। ਧਰਮ ਜਦੋਂ ਸੰਸਥਾਈ ਰੂਪ ਧਾਰਨ ਕਰਦਾ ਹੈ ਤਾਂ ਉਸ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਜਨਮ ਲੈਂਦੀਆਂ ਹਨ, ਭਾਵੇਂ ਇਹ ਉਸ ਧਰਮ ਦਾ ਬਾਹਰੀ ਰੂਪ ਹੁੰਦੀਆਂ ਹਨ ਪਰ ਇਹ ਉਸਦੇ ਸਮਾਜਿਕ, ਰਾਜਸੀ, ਪ੍ਰਬੰਧਕੀ ਅਤੇ ਆਰਥਿਕ ਰੂਪ ਉੱਤੇ ਆਪਣਾ ਪ੍ਰਭਾਵ ਜਰੂਰ ਛੱਡਦੀਆਂ ਹਨ। ਸੰਸਥਾਈ ਧਰਮ ਆਪਣੀ ਇੱਕ ਵਿਲੱਖਣ ਸਭਿਆਚਾਰਕ ਪਛਾਣ (ब्नसजनतंस फ्कमदजपजल) ਸਿਰਜਦਾ ਹੈ ਅਤੇ ਇਸੇ ਰੂਪ ਵਿਚੋਂ ਉਹ ਆਪਣਾ ਗਿਆਨ-ਪ੍ਰਬੰਧ ਅਤੇ ਵਿਸ਼ਵ-ਦ੍ਰਿਸ਼ਟੀ ਦਾ ਆਗ਼ਮਨ ਵੀ ਕਰਦਾ ਹੈ। ਸੰਸਥਾਈ ਧਰਮ ਆਪਣੀ ਨਵੀਂ ਪਛਾਣ ਘੜ੍ਹਨ ਲਈ ਪੁਰਾਣੇ ਧਰਮਾਂ ਜਾਂ ਸਮਕਾਲੀ ਧਰਮਾਂ ਨਾਲੋਂ ਨਿਖੇੜਾ ਸਥਾਪਿਤ ਕਰਦਾ ਹੈ। ਜਦੋਂ ਸੰਸਥਾਈ ਧਰਮ ਕਿਸੇ ਸ਼ਕਤੀ ਨਾਲ ਜਾ ਜੁੜਦਾ ਹੈ ਤਾਂ ਉਹ


Copyright © | JET Network, All Rights Reserved

**Journal of East-West Thought**
**ISSN:** ***2168-2259 (online)***
***(https://jetjournal.us/)***
**Volume 14, Issue 2 – June 2024**



ਦੂਜਿਆਂ ਲਈ ਆਵਾਜ਼ ਵੀ ਬਣਦਾ ਹੈ ਅਤੇ ਆਪਣੀ ਮੌਲਿਕ ਦ੍ਰਿਸ਼ਟੀ ਵਿੱਚ ਸਰਬੱਤ ਦਾ ਭਲਾ ਵੀ ਸਿਰਜਦਾ ਹੈ।

ਸੰਸਥਾਈ ਧਰਮ ਦੀਆਂ ਮੁਕੰਮਲ ਰੂਪ ਵਿਚ ਚਾਰ ਕੀਮਤਾਂ ਦਰਸ਼ਨ, ਕਿਰਤ, ਸੇਵਾ ਅਤੇ ਪਦਾਰਥ ਹੁੰਦੀਆਂ ਹਨ। ਸੰਸਥਾਈ ਧਰਮ ਦੀ ਲੋੜ ਇਸ ਕਰਕੇ ਹੁੰਦੀ ਹੈ ਕਿਉਂਕਿ ਧਰਮ ਨੂੰ ਜੀਵਨ ਤੋਂ ਵੱਖਰਾ ਕਰਕੇ ਨਹੀਂ ਦੇਖਿਆ ਜਾ ਸਕਦਾ। ਪ੍ਰੋ. ਪੂਰਨ ਸਿੰਘ ਦਾ ਕਥਨ ਹੈ ਕਿ "ਉਹ ਧਰਤੀਆਂ ਤੇ ਲੋਕ ਜਿੱਥੇ ਆਕਾਸ਼ ਵਲੋਂ ਧਰਮਾਤਮਾਵਾਂ ਨੂੰ ਭੇਜਿਆ ਜਾਂਦਾ ਹੈ, ਅੰਦਰਲੀ ਦੌਲਤ ਨਾਲ ਮਾਲਾਮਾਲ ਹੋ ਜਾਂਦੀਆਂ ਹਨ। ਕੌਮਾਂ ਵਿਚ ਹੜਾਂ ਦੀ ਤਰ੍ਹਾਂ ਕਾਂਗ-ਉਛਾਲੇ ਆਉਂਦੇ ਹਨ ਅਤੇ ਇਸ ਦੇ ਵੇਗ ਵਿਚ ਉਹ ਚੜ੍ਹਦੀ ਕਲਾ ਵੱਲ ਅੱਗੇ ਵਧਦੀਆਂ ਹਨ। ਇੱਕ ਵਿਅਕਤੀ ਸਾਰੀ ਜਾਤੀ ਦੀ ਰੱਖਿਆ ਕਰਦਾ ਹੈ ਅਤੇ ਉਸ ਦੇ ਪਿੱਛੇ ਸੰਸਥਾਵਾਂ ਉਸ ਦੇ ਪਰਛਾਵੇਂ ਹਾਰ ਬਣਦੀਆਂ ਤੇ ਟੁਟਦੀਆਂ ਹਨ।"[6]

ਜਦੋਂ ਮਨੁੱਖੀ ਰੱਬੀ ਜੋਤ ਵੱਲ ਤੁਰਦਾ ਹੈ ਤਾਂ ਸੰਸਥਾਈ ਧਰਮ ਮਨੁੱਖ ਦੀ ਦੇਹ (ਠਵਕਲ), ਰੂਹ ਅਤੇ ਮਨ ਨੂੰ ਇੱਕ ਕਰ ਦਿੰਦਾ ਹੈ। ਦੇਹ ਧਰਮ ਦੇ ਕਰਮਸ਼ੀਲ ਰੂਪ ਵਿਚ ਆਉਂਦੀ ਹੈ। ਸਿੱਖ ਇਨਕਲਾਬ ਕਿਤਾਬ ਵਿਚ ਜਗਜੀਤ ਸਿੰਘ ਲਿਖਦੇ ਹਨ:- "ਸਿੱਖੀ ਅਨੁਸਾਰ ਸੱਚਾ ਧਰਮ ਤੇ ਨੈਤਿਕਤਾ, ਅਨਿਆਂ ਭਰੇ ਸਮਾਜੀ ਤੇ ਸਿਆਸੀ ਪ੍ਰਬੰਧ ਵਲੋਂ ਅੱਖਾਂ ਨਹੀਂ ਮੀਟ ਸਕਦੇ ਅਤੇ ਨਾ ਹੀ ਰੂਹਾਨੀ ਮੁਕਤੀ, ਧਾਰਮਿਕ ਜਬਰ ਤੇ ਸਿਆਸੀ ਗ਼ੁਲਾਮੀ ਦੀ ਛਤਰ ਛਾਇਆ ਹੇਠ ਮਿਲ ਸਕਦੀ ਹੈ। ਗੁਰੂਆਂ ਨੇ ਧਰਮ ਦਾ ਇੱਕ ਵਿਸਥਾਰ ਭਰਿਆ ਸਮੁੱਚਾ ਨਜ਼ਰੀਆ ਬਣਾਇਆ ਹੈ। ਉਹਨਾਂ ਦਾ ਨਜ਼ਰੀਆ ਏਕਾਤਮਕ ਤੇ ਇਕਾਗਰ ਹੈ। ਉਹ ਵਿਅਕਤੀ ਨੂੰ ਸਮਾਜ ਨਾਲੋਂ ਨਿਖੇੜ ਕੇ ਨਹੀਂ ਦੇਖਦੇ। ਕਿਸੇ ਵਿਅਕਤੀ ਦੀਆਂ ਧਾਰਮਕ ਤੇ ਰੂਹਾਨੀ ਸਮੱਸਿਆਵਾਂ ਨੂੰ ਸਮੁੱਚੇ ਸਮਾਜ ਦੀ ਇਖਲਾਕੀ ਤੇ ਰੂਹਾਨੀ ਦੁਰਦਸ਼ਾ ਤੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਨਿਜੀ ਮੁਕਤੀ ਜਾਂ ਰੂਹਾਨੀ ਆਨੰਦ ਵਿੱਚ ਲੀਨ ਰਹਿਣਾ ਸਿੱਖੀ ਦਾ ਆਦਰਸ਼ ਨਹੀਂ। ਸਿੱਖ ਵਾਸਤੇ ਨਿੱਜੀ, ਇਖਲਾਕੀ ਤੇ ਰੂਹਾਨੀ ਤਰੱਕੀ ਅੰਤਿਮ ਉਦੇਸ਼ ਨਹੀਂ ਸਗੋਂ ਇਹ ਮਨੁੱਖਤਾ ਦੀ ਸੇਵਾ ਤੇ ਇਖਲਾਕ ਤੇ ਰੂਹਾਨੀ ਤਰੱਕੀ ਦੋਵੇਂ ਅਨਿੱਖੜ ਹਨ।"[7] ਇਸੇ ਸੰਦਰਭ ਵਿਚ ਰੂਹਾਨੀ ਮੁਕਤੀ ਆਪਣੇ ਆਲੇ ਦੁਆਲੇ ਭਟਕਦੇ ਫਿਰਦੇ ਲੋੜਵੰਦਾਂ ਦੀਆਂ ਲੋੜਾਂ ਤੋਂ ਅੱਖਾਂ ਫੇਰ ਕੇ ਨਹੀਂ ਮਿਲ ਸਕਦੀ ਹੈ। ਇਸੇ ਕਰਕੇ ਭਗਤ ਪੂਰਨ ਸਿੰਘ ਦੁਆਰਾ ਸਥਾਪਿਤ ਪਿੰਗਲਵਾੜਾ ਸੰਸਥਾ ਸਿੱਖੀ ਦੇ ਆਦਰਸ਼ਾਂ ਦੀ ਤਰਜਮਾਨੀ ਕਰਦੇ ਹੋਏ ਸੇਵਾ ਦੇ ਸੰਕਲਪ ਨੂੰ ਅਭਿਆਸੀ ਰੂਪ ਦੇ ਕੇ ਲੋਕਾਈ ਨੂੰ ਸਮੱਸਿਆਵਾਂ ਤੋਂ ਮੁਕਤੀ ਦੇਣ ਦਾ ਮਿਸਾਲੀ ਕਾਰਜ ਕਰਦੀ ਹੈ।


Copyright © | JET Network, All Rights Reserved

**Journal of East-West Thought**
**ISSN: *2168-2259 (online)***
***(https://jetjournal.us/)***
**Volume 14, Issue 2 – June 2024**



ਧਰਮ ਦੇ ਸੰਸਥਾਈ ਰੂਪ ਨੂੰ ਸਮਝਣ ਲਈ ਰੂਹਾਨੀ ਪ੍ਰਸੰਗਾਂ ਦੀ ਚੇਤਨ ਸਮਝ ਆਉਣੀ ਬਹੁਤ ਜਰੂਰੀ ਹੈ। ਹਰ ਧਰਮ ਦੇ ਸੰਸਥਾਈ ਰੂਪ ਦਾ ਇਤਿਹਾਸ ਅਤੇ ਵਰਤਮਾਨ ਵੱਖੋ-ਵੱਖਰਾ ਹੁੰਦਾ ਹੈ। ਇਸ ਲਈ ਕਿਸੇ ਇੱਕ ਧਰਮ ਦੇ ਹਵਾਲੇ ਤਹਿਤ ਦੂਜੇ ਸੰਸਥਾਈ ਧਰਮ ਦੇ ਰੂਪ ਨੂੰ ਨਹੀਂ ਸਮਝਿਆ ਜਾ ਸਕਦਾ। ਸਿਧਾਂਤਾਂ ਨੂੰ ਅਮਲੀ ਪੱਧਰ ਉੱਤੇ ਕਾਰਗਰ ਹੋਣ ਲਈ ਲਾਜ਼ਮੀ ਤੌਰ ਤੇ ਆਪਣੀਆਂ ਸੰਸਥਾਵਾਂ ਕਾਇਮ ਕਰਨੀਆਂ ਪੈਂਦੀਆ ਹਨ।ਸੰਸਥਾ ਬਣਾ ਕੇ ਹੀ ਧਰਮ ਦੀਆਂ ਅਨਮੋਲ ਕੀਮਤਾਂ ਨੂੰ ਉਜਾਗਰ ਕੀਤਾ ਜਾ ਸਕਦਾ ਹੈ।

ਪਿੰਗਲਵਾੜਾ ਸੰਸਥਾ ਸਿੱਖ ਸੰਸਥਾਵਾਂ ਅੰਦਰ 'ਸੇਵਾ' ਦੇ ਸੰਕਲਪ ਨੂੰ ਪ੍ਰਣਾਈ ਸ਼ਬਦ ਦਰਸ਼ਨ ਦੀ ਸਾਕਾਰ ਰੂਪ ਸੰਸਥਾ ਹੈ। ਇਸ ਸੰਸਥਾ ਦੀ ਆਪਣੀ ਨਿਵੇਕਲੀ ਪਛਾਣ ਹੈ। 'ਪਿੰਗਲਵਾੜਾ' ਸੰਸਥਾ ਦਾ ਸ਼ਬਦ ਤੋਂ ਸੰਕਲਪ ਤੱਕ ਦਾ ਸਫ਼ਰ ਆਪਣੀ ਇਤਿਹਾਸਕ ਨਿਰੰਤਰਤਾ ਵਿਚ ਹੋਇਆ ਹੈ। 'ਪਿੰਗਲਵਾੜਾ' ਸ਼ਬਦ ਦੇ ਕੋਸ਼ਗਤ ਅਰਥ ਇਸ ਪ੍ਰਕਾਰ ਹਨ, "ਪਿੰਗਲਵਾੜਾ ਸ਼ਬਦ ਦਾ ਅਰਥ ਹੈ: house or asylum for crippled and disabled; leper asylum or home."[8] ਕੋਸ਼ਗਤ ਅਰਥਾਂ ਤੋਂ ਅੱਗੇ ਜਾਈਏ ਤਾਂ 'ਪਿੰਗਲਵਾੜਾ' ਸ਼ਬਦ ਸਿੱਖੀ ਅੰਦਰ ਮਹਿਜ਼ ਇੱਕ ਸ਼ਬਦ ਨਹੀਂ ਬਲਕਿ ਇਸ ਤੋਂ ਵਡੇਰੇ ਇਸ ਦੇ ਸੰਕਲਪਕ ਅਰਥ ਹਨ। ਇਹ ਸ਼ਬਦ/ਸੰਕਲਪ ਦਾ ਸੰਬੰਧ ਪਿੰਗਲਵਾੜਾ ਸੰਸਥਾ ਦੇ ਪਦਾਰਥਕ ਰੂਪ (material form) ਨਾਲ ਤਾਂ ਹੈ ਹੀ ਪਰੰਤੂ ਇਸ ਦੇ ਨਾਲ ਇਸਦੇ ਵਡੇਰੇ ਸੰਕਲਪਕ ਅਰਥ ਸਿੱਖ ਦਰਸ਼ਨ ਦੇ ਅਹਿਮ ਪ੍ਰਵਰਗ ਵਜੋਂ ਉਭਰ ਕੇ ਸਾਹਮਣੇ ਆਉਂਦੇ ਹਨ। ਗੌਰਤਲਬ ਨੁਕਤਾ ਇਹ ਹੈ ਕਿ 'ਪਿੰਗਲਵਾੜਾ' ਦਾਰਸ਼ਨਿਕ ਪ੍ਰਵਰਗ ਵਜੋਂ ਆਪਣੇ ਅੰਦਰ ਸਮੁੱਚੇ ਸਿੱਖ ਦਰਸ਼ਨ ਨੂੰ ਸਮੋਈ ਬੈਠਾ ਹੈ। 'ਪਿੰਗਲਵਾੜਾ' ਦੇ ਸੰਕਲਪਕ ਅਰਥ-ਪਾਸਾਰਾਂ ਨੂੰ ਸਿੱਖੀ ਅੰਦਰ ਸੇਵਾ ਦੇ ਸੰਕਲਪ ਅਤੇ ਅੰਤਰਦ੍ਰਿਸ਼ਟੀਆਂ ਦੇ ਅੰਤਰਗਤ ਸਹਿਜੇ ਹੀ ਪਛਾਣਿਆ ਜਾ ਸਕਦਾ ਹੈ;

> ਸੇਵਾ ਕਰਤ ਹੋਇ ਨਿਹਕਾਮੀ
> ਤਿਸੁ ਕਉ ਹੋਤ ਪਰਾਪਤਿ ਸੁਆਮੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 286)
> ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥
> ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥
> (ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 644)

ਪਿੰਗਲਵਾੜਾ ਸਿੱਖ ਦਰਸ਼ਨ ਦੇ ਅਭਿਆਸ ਦੀ ਨਿਵੇਕਲੀ ਮਿਸਾਲ ਹੈ। 'ਪਿੰਗਲਵਾੜਾ' ਦੇ ਕੋਸ਼ਗਤ ਅਰਥਾਂ ਤੋਂ ਅੱਗੇ ਜਾਂਦਿਆਂ ਪਿੰਗਲਵਾੜਾ ਅਜਿਹਾ ਘਰ ਹੈ, ਜਿਸ ਦੀ ਛੱਤ ਬੇਸਹਾਰਿਆਂ,


Copyright © | JET Network, All Rights Reserved

Journal of East-West Thought
ISSN: *2168-2259 (online)*
(*https://jetjournal.us/*)
Volume 14, Issue 2 – June 2024



ਨਿਤਾਣਿਆਂ ਦਾ ਰੈਣ ਬਸੇਰਾ ਹੈ। ਘਰ ਦੇ ਸੰਕਲਪਕ ਅਰਥਾਂ 'ਚ ਘਰ ਮਨੁੱਖ ਨੂੰ ਅਸਤਿਤਵੀ ਪੱਧਰ 'ਤੇ ਸਕੂਨ ਅਤੇ ਅਧਿਆਤਮਕ ਅਨੰਦ ਦੇਣ ਦੀ ਉਹ ਥਾਂ (ँचंबम) ਹੈ ਜਿੱਥੇ ਘਰ ਧਾਰਮਿਕ ਸਥਾਨ ਦੇ ਰੁਤਬੇ 'ਤੇ ਪਹੁੰਚ ਜਾਂਦਾ ਹੈ। ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਥਿਤ ਪਿੰਗਲਵਾੜਾ ਅਜਿਹਾ ਹੀ ਦਰ ਹੈ, ਜੋ ਸਿੱਖ ਦੇ ਗੁਰੂ ਨੂੰ ਨਤਮਸਤਕ ਹੋਣ ਦੇ ਢੰਗ-ਸਲੀਕੇ ਦੇ ਵਡੇਰੇ ਅਰਥਾਂ ਨੂੰ ਦ੍ਰਿਸ਼ਟਮਾਨ ਕਰਦਾ ਹੈ। ਪ੍ਰਸਿੱਧ ਲੇਖਕ ਖੁਸ਼ਵੰਤ ਸਿੰਘ ਲਿਖਦੇ ਹਨ, "ਉਸ ਸੈਲਾਨੀ ਜਾਂ ਯਾਤਰੂ ਦੀ ਯਾਤਰਾ ਹੀ ਅਧੂਰੀ ਹੈ ਜਿਹੜਾ ਦਰਬਾਰ ਸਾਹਿਬ ਦੇ ਦਰਸ਼ਨਾਂ ਤੋਂ ਬਾਅਦ ਪਿੰਗਲਵਾੜੇ ਵਿਚੋਂ ਨਹੀਂ ਹੋ ਕੇ ਜਾਂਦਾ।"[9]

'ਸੇਵਾ' ਦੇ ਸੰਕਲਪ ਅੰਦਰ ਭਾਈ ਘਨੱਈਆ ਜੀ ਦੇ ਜੀਵਨ-ਅਭਿਆਸ ਦੀ ਅਗਲੀ ਕੜੀ ਵਜੋਂ 'ਪਿੰਗਲਵਾੜਾ' ਸੰਸਥਾ ਅਤੇ ਭਗਤ ਪੂਰਨ ਸਿੰਘ ਜੀ ਦਾ ਜੀਵਨ-ਅਭਿਆਸ ਉੱਭਰ ਕੇ ਸਾਹਮਣੇ ਆਉਂਦਾ ਹੈ। ਇਸ ਨੂੰ ਇੱਕ ਹੋਰ ਦਾਰਸ਼ਨਿਕ ਨਜ਼ਰੀਏ ਅੰਦਰ ਇਸ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੈ ਕਿ 'ਸਿੱਖੀ' ਅੰਦਰ ਦਾਰਸ਼ਨਿਕ ਪ੍ਰਵਰਗ ਆਪਣੇ ਸਮੇਂ-ਸਥਾਨ ਦੇ ਅੰਤਰਗ਼ਤ ਸ਼ਾਮਿਲ ਹੋ ਕੇ ਸਿੱਖੀ ਨੂੰ ਨਵੀਂ ਮੌਲਣਸ਼ੀਲਤਾ ਬਖ਼ਸ਼ਦੇ ਹਨ। ਇਸ ਮੌਲਣਸ਼ੀਲਤਾ ਦਾ ਕਾਰਨ ਸਿੱਖੀ ਦਾ ਖੁੱਲ੍ਹਾ-ਡੁੱਲਾ ਮਿਜਾਜ਼ ਹੈ। ਇਹ ਇਸ ਦੀ ਬਹੁਲਤਾਵਾਦੀ ਪਰੰਪਰਾ ਦਾ ਸਲੀਕਾ ਹੈ। ਇਹ ਆਪਣੇ ਆਪ ਕਿਸੇ ਮਿਸਾਲੀ ਕਾਰਜ ਦੀ ਨਿਰੰਤਰਤਾ ਵਿਚ ਹੀ ਵਾਪਰਦਾ ਹੈ ਅਤੇ ਇਸ ਤਰ੍ਹਾਂ ਦੇ ਮਿਸਾਲੀ ਕਾਰਜ ਦੀ ਸਭ ਤੋਂ ਪ੍ਰਮੁੱਖ ਉਦਾਹਰਣ ਪਿੰਗਲਵਾੜਾ ਸੰਸਥਾ ਹੈ। ਇਹ ਮਿਸਾਲੀ ਕਾਰਜ ਭਗਤ ਪੂਰਨ ਸਿੰਘ ਦੇ ਹਿੱਸੇ ਆਇਆ ਹੈ ਜਿਸ ਕਾਰਨ ਪਿੰਗਲਵਾੜਾ ਸਿੱਖੀ ਦੀ ਅਹਿਮ ਸੰਸਥਾ ਹੋਣ ਦੇ ਨਾਲ-ਨਾਲ ਸਿੱਖੀ ਵਿੱਚ ਸੰਸਥਾਈਕਰਨ ਦੀ ਅਦੁੱਤੀ ਮਿਸਾਲ ਹੈ।

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥
ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥
ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਸਾਦੁ॥
ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 474)

ਧਾਰਮਿਕ ਅਕੀਦਿਆਂ ਨੂੰ ਪ੍ਰਣਾਏ ਹੋਏ ਜਿਸ ਸੇਵਾ ਦੇ ਸੰਕਲਪ ਦੀ ਪ੍ਰੌੜਤਾ ਅਤੇ ਅਭਿਆਸ ਸਿੱਖ ਦਰਸ਼ਨ ਵਿੱਚ ਮੌਜੂਦ ਹੈ ਉਸਦੀ ਸਪਸ਼ਟ ਝਲਕ ਅਤੇ ਸਮਾਜਿਕ ਦਰਸ਼ਨ ਪਿੰਗਲਵਾੜਾ ਸੰਸਥਾ ਅੰਦਰ ਨਿਹਿਤ ਹਨ। ਪਿੰਗਲਵਾੜਾ ਸੰਕਲਪ ਰੂਪ ਵਿੱਚ ਸਿੱਖੀ ਜੀਵਨ ਜਾਚ ਦੀ ਅਨੋਖੀ ਮਿਸਾਲ ਹੈ।


Copyright © | JET Network, All Rights Reserved

Journal of East-West Thought
ISSN: *2168-2259 (online)*
(*https://jetjournal.us/*)
Volume 14, Issue 2 – June 2024



ਸਿਰਦਾਰ ਕਪੂਰ ਸਿੰਘ ਪਾਰਾਸ਼ਰ ਪ੍ਰਸ਼ਨ ਵਿਚ ਲਿਖਦੇ ਹਨ, "ਉਹ ਵਿਚਾਰ ਜਿਨ੍ਹਾਂ ਨੂੰ ਬੈਸਾਖੀ ਵਾਲੇ ਦਿਨ ਗਰੂ ਗੋਬਿੰਦ ਸਿੰਘ ਜੀ ਨੇ ਠੋਸ ਰੂਪ ਦਿੱਤਾ ਉਹਨਾਂ ਵਿੱਚੋਂ ਇੱਕ ਵਿਚਾਰ ਇਹ ਸੀ ਕਿ ਅਜਿਹਾ ਬਰਾਬਰੀ ਵਾਲਾ ਵਿਸ਼ਵ ਭਾਈਚਾਰਾ ਕਾਇਮ ਕੀਤਾ ਜਾਵੇ ਜਿਸ ਵਿਚ ਖਾਲਸਾ ਪੰਥ ਦੇ ਆਦਰਸ਼ਾਂ ਦੀਆਂ ਜੜਾਂ ਹੋਣ।"[10] ਇਸ ਵਿਚਾਰ ਅਧੀਨ ਹੀ ਪਿੰਗਲਵਾੜਾ ਸੇਵਾ ਦਾ ਸੰਕਲਪ ਲੈ ਕੇ ਆਪਣਾ ਸਰੂਪ ਨਿਰਧਾਰਤ ਕਰਦਾ ਹੈ। ਇਸੇ ਪੁਸਤਕ ਵਿਚ ਸਿਰਦਾਰ ਕਪੂਰ ਸਿੰਘ ਲਿਖਦੇ ਹਨ ਕਿ ਸਿੱਖ ਧਰਮ ਮੂਲ ਰੂਪ ਵਿਚ ਹਿੰਦੂ ਪ੍ਰਤਿਭਾ ਵਾਲਾ ਹੈ। ਸਿੱਖ ਗੁਰੂ ਸਾਹਿਬਾਨ ਹਿੰਦੂ ਦਰਸ਼ਨ ਤੋਂ ਜਿੱਥੇ ਅਲਹਿਦਾ ਹੁੰਦੇ ਹਨ ਉਹ ਹੈ ਇਸ ਦੀ ਸਮਾਜਿਕ ਫਿਲਾਸਫ਼ੀ ਜੋ ਲੋਕਾਂ ਨੂੰ ਆਪਸ ਵਿਚ ਵੰਡਦੀ ਹੈ।[11] ਸਿੱਖ ਦਰਸ਼ਨ ਦੇ ਸਮਾਜਿਕ ਅਭਿਆਸ ਵਜੋਂ ਜੇ ਅਸੀਂ ਪਿੰਗਲਵਾੜਾ ਸੰਸਥਾ ਨੂੰ ਸਮਝਣ ਦਾ ਯਤਨ ਕਰੀਏ ਤਾਂ ਇਹ ਸਿਰਦਾਰ ਕਪੂਰ ਸਿੰਘ ਅਨੁਸਾਰ ਹਿੰਦੂਆਂ ਦੀ ਸਮਾਜਿਕ ਫਿਲਾਸਫ਼ੀ ਤੋਂ ਵੱਖਰਾ ਅਭਿਆਸ ਹੈ। ਭਗਤ ਪੂਰਨ ਸਿੰਘ ਦਾ ਸਮੁੱਚਾ ਜੀਵਨ ਇਸ ਦ੍ਰਿਸ਼ਟੀ ਨੂੰ ਪ੍ਰਣਾਇਆ ਹੋਇਆ ਹੈ। ਉਹ ਸਿੱਖੀ ਦੇ ਬਹੁਲਤਾਵਾਦੀ ਵਿਚਾਰ ਨੂੰ ਨਿਰੰਤਰ ਅਨੁਭਵ ਵਿਚ ਰੱਖਦੇ ਹੋਏ, ਲੰਗਰ/ਸੇਵਾ ਦੇ ਅਭਿਆਸ ਰਾਹੀਂ ਮਿਸ਼ਨਰੀ ਅਤੇ ਧਰਮ-ਪਰਿਵਰਤਕ ਪ੍ਰਵਿਰਤੀਆਂ ਨੂੰ ਨਕਾਰਦੇ ਸਿੱਖੀ ਦੀ ਉੱਚ ਸਪਿਰਟ ਨੂੰ ਦ੍ਰਿਸ਼ਟਮਾਨ ਕਰਦੇ ਹਨ। ਇਹ ਮੂਲ ਰੂਪ ਵਿੱਚ ਵਿਸਮਾਦੀ ਪੂੰਜੀ ਦੇ ਵਿਚਾਰ ਦਾ ਹੀ ਅਨੁਸਰਣ ਹੈ। ਡਾ. ਗੁਰਭਗਤ ਸਿੰਘ ਵਿਸਮਾਦੀ ਪੂੰਜੀ ਪੁਸਤਕ ਵਿਚ ਲਿਖਦੇ ਹਨ "ਜੇ ਸਾਰੇ ਵਿਸ਼ਵ ਨੂੰ ਕਲਾਵੇ ਵਿੱਚ ਲੈਣਾ ਹੈ, "ਪ੍ਰਭੂ" ਨੂੰ ਮਿਲਣਾ ਹੈ, ਅਸੀਮ ਰੌਸ਼ਨੀ ਨਾਲ ਸਰਸਾਰ ਹੋਣਾ ਹੈ ਤਾਂ "ਪ੍ਰੇਮ" ਹੀ ਸਭ ਤੋਂ ਵੱਡਾ ਮਾਧਿਅਮ ਹੈ, ਇਹ ਸਿੱਧਾਂਤ ਵੀ ਹੈ, ਅਭਿਆਸ ਵੀ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਰਵੋਤਮ ਆਸ਼ਿਕੀ ਨੂੰ ਧਾਰਨ ਲਈ ਬੜੇ ਗੌਰਵਪੂਰਣ ਸ਼ਬਦਾਂ ਵਿੱਚ ਫੁਰਮਾਇਆ ਹੈ:

**ਸਾਚੁ ਕਹੋਂ ਸੁਨ ਲੇਹੁ ਸਭੈ,**

**ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।।**[12]

ਇਸ ਵਿਚਾਰ ਦਾ ਅਭਿਆਸ ਹੀ ਸਿੱਖੀ ਅਤੇ ਗੁਰਮੁਖ ਦੇ ਵਿਕਾਸ ਅਤੇ ਵਿਗਾਸ ਦਾ ਆਧਾਰ ਹੈ। ਪਿੰਗਲਵਾੜਾ ਸੰਸਥਾ ਦਾ ਸੰਬੰਧ ਭਗਤ ਪੂਰਨ ਸਿੰਘ ਦੇ ਉਸ ਸਮਾਜਿਕ-ਦਰਸ਼ਨ ਅਤੇ ਅਭਿਆਸ ਨਾਲ ਜਾ ਜੁੜਦਾ ਹੈ ਜਿਸਦਾ ਆਧਾਰ ਸਿੱਖੀ ਜੀਵਨ-ਜਾਚ ਅਤੇ ਗੁਰਬਾਣੀ ਹੈ। ਭਗਤ ਪੂਰਨ ਸਿੰਘ ਸਮਾਜਿਕ-ਦਰਸ਼ਨ ਅੰਦਰ ਅਜਿਹੀ ਸਖ਼ਸ਼ੀਅਤ ਹੈ ਜੋ ਸਿੱਖ ਫਿਲਾਸਫੀ ਦੇ


Copyright © | JET Network, All Rights Reserved

Journal of East-West Thought
ISSN: 2168-2259 (online)
(https://jetjournal.us/)
Volume 14, Issue 2 – June 2024



ਅਧਿਆਤਮਕ ਅਰਥਾਂ ਨੂੰ ਸਮਾਜਿਕ ਦਰਸ਼ਨ ਵੱਲ ਵਧਾਉਣ ਲਈ ਪੂਰੀ ਸ਼ਿੱਦਤ ਨਾਲ ਰੁਚਿਤ ਸਨ। ਇਹ ਅਭਿਆਸ ਪਿੰਗਲਵਾੜਾ ਸੰਸਥਾ ਦੇ ਅੰਤਰਗਤ ਆਪਣੇ ਅਰਥਾਂ ਨੂੰ ਸਾਕਾਰ ਕਰਦਾ ਹੈ।

ਸਿੱਖੀ ਦੇ ਆਦਰਸ਼ਾਂ/ਉਪਦੇਸ਼ਾਂ ਨੂੰ ਭਗਤ ਪੂਰਨ ਸਿੰਘ ਆਪਣੇ ਸੇਵਾ ਦੇ ਸੰਕਲਪ ਅਨੁਸਾਰ ਇਸ ਤਰ੍ਹਾਂ ਨਿਭਾਉਂਦੇ ਹਨ ਕਿ ਉਹ ਧਰਮ ਅੰਦਰ ਮਿਸ਼ਨਰੀ ਪ੍ਰਵਿਰਤੀ ਤੋਂ ਆਪਣੇ ਆਪ ਨੂੰ ਨਵਿਰਤ ਰੱਖਦੇ ਹੋਏ ਮੌਲਿਕ ਸੇਵਾ ਦੇ ਸੰਕਲਪ ਦਾ ਅਭਿਆਸ ਗੁਰਮਤਿ ਦਰਸ਼ਨ ਤੋਂ ਪ੍ਰਾਪਤ ਕਰਦੇ ਹਨ।

ਸਿੱਖੀ ਅੰਦਰ ਸੇਵਾ ਦਾ ਸੰਕਲਪ ਕਿਸੇ ਮਿਸ਼ਨਰੀ ਰੂਪ ਤੋਂ ਪ੍ਰਭਾਵਿਤ ਨਾ ਹੋ ਕੇ ਆਪਣੀ ਮੌਲਿਕ ਵਿਸ਼ਵ ਦ੍ਰਿਸ਼ਟੀ ਦਾ ਅਨੁਸਰਣ ਹੈ ਅਤੇ ਇਹ ਵਿਸ਼ਵ ਦ੍ਰਿਸ਼ਟੀ ਜੋ ਸਿੱਖੀ/ਬਾਣੀ ਅੰਦਰ ਹੈ ਉਹ ਸਿੱਖੀ ਦੇ ਹਰ ਅਭਿਆਸ ਰੂਪ ਨੂੰ ਅਨਿਕਸਵਰਤਾ ਵੱਲ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੌਰਵ ਬਾਰੇ ਡਾ. ਗੁਰਭਗਤ ਸਿੰਘ ਲਿਖਦੇ ਹਨ ਕਿ "ਕਾਇਨਾਤ, ਮਨੁੱਖ ਅਤੇ ਉਸ ਦੀ ਪੱਤ ਨਾਲ ਅਥਾਹ ਪਿਆਰ ਅਤੇ ਸਾਂਝੇ ਸ਼ਾਇਰੀ ਹੋ ਸਕਣ ਵਾਲੇ, ਪਰ (ਦੂਸਰੇ) ਪ੍ਰਤੀ ਸੰਵੇਦਨਸ਼ੀਲ ਜੀਵਨ ਅਭਿਆਸ ਰਚਣ ਵਾਸਤੇ ਜੋ ਪ੍ਰੇਰਣਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਮੌਜੂਦ ਹੈ, ਉਹ ਸਾਡੇ ਗਤੀਸ਼ੀਲ, ਭਵਿੱਖਮੁਖੀ ਵਿਸ਼ਵ ਲਈ ਅਰਥ-ਭਰਪੂਰ ਹੈ।[13] ਸੇਵਾ ਵਿੱਚ ਲੀਨਤਾ ਹੀ ਭਗਤ ਪੂਰਨ ਸਿੰਘ ਦਾ ਇਬਾਦਤ ਕਰਨ ਦਾ ਵਿਸਮਾਦੀ ਸਲੀਕਾ ਹੈ। ਕਿਸੇ ਸਮਾਜ-ਸਭਿਆਚਾਰ ਦੀ ਦਾਰਸ਼ਨਿਕਤਾ ਦਾ ਸਿਖ਼ਰ ਉਸ ਦੇ ਅਭਿਆਸੀ ਰੂਪ ਵਿੱਚ ਪਿਆ ਹੁੰਦਾ ਹੈ।ਜੋ ਸਿੱਖ ਦੇ ਗੁਰੂ ਨੂੰ ਸਮਰਪਿਤ ਹੋਣ ਦੇ ਵਡੇਰੇ ਅਰਥਾਂ ਵਿੱਚ ਸ਼ੁਮਾਰ ਕਰਦਾ ਹੈ। ਭਗਤ ਪੂਰਨ ਸਿੰਘ ਜੀ ਦੇ ਕਾਰਜ ਭਾਰਤੀ ਸਮਾਜ ਵਿਚ ਇੱਕ ਅਨੋਖੀ ਦਾਸਤਾਨ ਹਨ। ਉਹਨਾਂ ਨੇ ਸੇਵਾ ਦੇ ਸਿਧਾਂਤ ਨੂੰ ਕੇਵਲ ਸਰੀਰਿਕ ਖਿਦਮਤ ਤੱਕ ਸੀਮਿਤ ਨਹੀਂ ਰੱਖਿਆ ਬਲਕਿ ਹਰ ਪ੍ਰਕਾਰ ਦੀ ਦ੍ਰਿਸ਼ਟੀ ਦੇ ਇਕਹਿਰੇਪਣ ਨੂੰ ਵੀ ਤੋੜਿਆ ਹੈ। ਭਗਤ ਪੂਰਨ ਸਿੰਘ ਨੇ ਉਹਨਾਂ ਮਹਾਨ ਉਪਦੇਸ਼ਾਂ ਦੀ ਤਰਜਮਾਨੀ ਕੀਤੀ ਜਿਸ ਵਿੱਚ ਗੁਰੂ ਸਾਹਿਬਾਨ ਨੇ ਬਰਾਬਰੀ, ਨਿਆਂ ਅਤੇ ਵਿਸਮਾਦ ਦਾ ਉਪਦੇਸ਼ ਦਿੱਤਾ ਸੀ। ਨਿੱਜਵਾਦ ਤੇ ਨਿੱਜਲਾਭ ਦੀ ਵਿਨਾਸ਼ਕਾਰੀ ਰੁਚੀ ਨੂੰ ਮਨਫ਼ੀ ਕਰਕੇ ਗੁਰਮਤਿ ਦੀ ਨਿਸ਼ਕਾਮ ਸੇਵਾ ਦੀ ਭਾਵਨਾ ਵਾਲੀ ਰੁਚੀ ਪੈਦਾ ਕਰਦਿਆਂ ਪਿੰਗਲਵਾੜਾ ਸੰਸਥਾ ਨੇ ਸਿੱਖ ਸੰਸਥਾਵਾਂ ਦੇ ਪਰਿਪੇਖ ਵਿੱਚ ਮਿਸਾਲੀ ਕਾਰਜ ਕੀਤੇ ਹਨ।


Copyright © | JET Network, All Rights Reserved

Journal of East-West Thought
ISSN: 2168-2259 (online)
(https://jetjournal.us/)
Volume 14, Issue 2 – June 2024
UGC CARE I

## ਹਵਾਲੇ ਅਤੇ ਟਿੱਪਣੀਆਂ

1. *ਵਾਰਾਂ ਭਾਈ ਗੁਰਦਾਸ ਸਟੀਕ*, ਭਾਈ ਵੀਰ ਸਿੰਘ (ਸੰਪਾ.), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਪੰਨਾ–35.
2. *ਵਿਸਥਾਰ ਲਈ ਵੇਖੋ*, ਜਦੋਂ ਦਾਰਾ ਸ਼ਿਕੋਹ ਕਿਸੇ ਭਿਆਨਕ ਬਿਮਾਰੀ ਦਾ ਸ਼ਿਕਾਰ ਹੋ ਗਿਆ ਤਾਂ ਉਸ ਲਈ ਇੱਕ ਖਾਸ ਕਿਸਮ ਦੀ ਹਰੜ, ਗਜ਼ਮੋਤੀ ਅਤੇ ਲੌਂਗ ਦਾ ਮਿਸ਼ਰਣ ਗੁਰੂ ਸਾਹਿਬ ਦੇ ਦਵਾਖਾਨੇ ਵਿਚੋਂ ਪ੍ਰਾਪਤ ਹੋਇਆ ਸੀ। *ਮਹਿਮਾ ਪ੍ਰਕਾਸ਼ (ਭਾਗ 2), ਖੰਡ 2*, ਸਰੂਪ ਦਾਸ ਭੱਲਾ, ਭਾਸ਼ਾ ਵਿਭਾਗ, ਪਟਿਆਲਾ, 1997, ਪੰਨਾ–547.
3. *ਵਿਸਥਾਰ ਲਈ ਵੇਖੋ*, *ਉਦਾਸੀ ਸਿੱਖਾਂ ਦੀ ਵਿਥਿਆ*, ਭਾਈ ਰਣਧੀਰ ਸਿੰਘ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1972, ਪੰਨਾ–133.
4. *ਅਸ਼ਟਮ ਬਲਬੀਰਾ*, ਸਤਿਬੀਰ ਸਿੰਘ, ਨਿਊ ਬੁੱਕ ਕੰਪਨੀ, ਜਲੰਧਰ, 1982, ਪੰਨਾ–74.
5. *ਗੁਰਬਿਲਾਸ ਪਾਤਸ਼ਾਹੀ ਦਸਮੀਂ*, ਡਾ. ਮਨਵਿੰਦਰ ਸਿੰਘ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਨਾ–361.
6. *ਸਿੱਖੀ ਦੀ ਆਤਮਾ*, ਪ੍ਰੋ. ਪੂਰਨ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2006, ਪੰਨਾ 89.
7. *ਸਿੱਖ ਇਨਕਲਾਬ*, ਜਗਜੀਤ ਸਿੰਘ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2007, ਪੰਨਾ 102–103
8. *ਪੰਜਾਬੀ–ਅੰਗਰੇਜ਼ੀ ਕੋਸ਼*, (ਸੰਕਲਨ ਕਰਤਾ), ਮੇਜਰ ਗੁਰਮੁਖ ਸਿੰਘ (ਸੰਪਾ.), ਸ.ਸ. ਜੋਸ਼ੀ, ਮੁਖਤਿਆਰ ਸਿੰਘ ਗਿੱਲ (ਡਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਦੂਜੀ ਛਾਪ, ਪੰਨਾ–555.
9. *ਸਤਿ ਮਾਰਗ ਦਾ ਪਾਂਧੀ ਭਗਤ ਪੂਰਨ ਸਿੰਘ*, ਡਾ. ਕੁਲਬੀਰ ਸਿੰਘ ਕਾਂਗ, ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, 2003, ਪੰਨਾ 114.
10. *ਪਾਰਾਸ਼ਰ–ਪ੍ਰਸ਼ਨ*, ਕਪੂਰ ਸਿੰਘ, ਸੈਂਟਰਲ ਯੂਨੀਵਰਸਿਟੀ ਆਫ ਪੰਜਾਬ, ਬਠਿੰਡਾ, 2018, ਪੰਨਾ 26–27.
11. *ਉਹੀ*, ਪੰਨਾ 27.
12. *ਵਿਸਮਾਦੀ ਪੂੰਜੀ : ਪੰਜਾਬ ਅਤੇ ਪੰਜਾਬੀ ਦੀ ਮੌਲਿਕਤਾ*, ਗੁਰਭਗਤ ਸਿੰਘ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2012, ਪੰਨਾ 24.
13. *ਸਿੱਖ ਦ੍ਰਿਸ਼ਟੀ ਦਾ ਗੌਰਵ*, ਗੁਰਭਗਤ ਸਿੰਘ, ਸਿੰਘ ਬ੍ਰਦਰਜ਼, ਅੰਮਿਤਸਰ, 2019, ਪੰਨਾ 47.


Copyright © | JET Network, All Rights Reserved